ਜਨਵਰੀ 2024, ਅੰਕ 9

# ALTA CONNECTIONS

ਤਮਿਾਹੀ ਕਲਾਇੰਟ, ਸੇਵਾ ਪ੍ਰਦਾਤਾ, ਅਤੇ ਸਟਾਫ਼ ਅੱਪਡੇਟ ਨਊਿਜ਼ਲੈਟਰ



ਸਾਡੇ **ਵਸ਼ਿਸ਼** ਕਲਾਕਾਰ ਮਾਰਗਨ ਮਾਰਜਰਸਨ **(Morgan Marjersion)** ਬਾਰੇ ਹੋਰ, ਪੰਨਾ 10

## ਕਾਰਜਕਾਰੀ ਨਦਿੇਸ਼ਕ ਦਾ ਸੁਨੇਹਾ

*ਕਾਰਜਕਾਰੀ ਨਦਿੇਸ਼ਕ ਲੌਰੀ ਬੈਨੇਲਸ (Lori Banales)*

ਨਵਾਂ ਸਾਲ ਮੁਬਾਰਕ ਹੋਵੇ! ਮੈਨੂੰ ਉਮੀਦ ਹੈ ਕ ਿ2024 ਤੁਹਾਡੇ ਲਈ ਖੁਸ਼ੀਆਂ, ਤਰੱਕੀ ਅਤੇ ਚੰਗੀ ਸਹਿਤ ਲਕੇ ਆਏ। ਪਛਿਲੇ ਸਾਲ ਵਚਿ, Alta Connections ਦੇ ਹਰੇਕ ਐਡੀਸ਼ਨ ਵਚਿ ਚੱਲ ਰਹੀਆਂ ਗਤੀਵਧਿੀਆਂ ਨੂੰ ਉਜਾਗਰ ਕੀਤਾ ਗਆਿ ਹੈ ਜੋ ACRC ਰਣਨੀਤਕ ਯੋਜਨਾ ਦੇ ਚਾਰ ਫੋਕਸ ਖੇਤਰਾਂ ਦਾ ਸਮਰਥਨ ਕਰਦੀਆਂ ਹਨ। ਉਹ ਗਤੀਵਧਿੀਆਂ ਜਾਰੀ ਰਹਦਿੀਆਂ ਹਨ, ਅਤੇ ਨਵੇਂ ਪ੍ਰੋਜੈਕਟ ਸ਼ੁਰੂ ਹੁੰਦੇ ਹਨ। ਸਾਡੇ ਭਾਈਚਾਰੇ ਨਾਲ ਸਾਂਝੇਦਾਰੀ ਨੇ ਉਹਨਾਂ ਗਤੀਵਧਿੀਆਂ ਪ੍ਰਤੀ ਸਾਡੀਆਂ ਕੋਸ਼ਸ਼ਿਾਂ ਅਤੇ ਨਤੀਜਆਿਂ ਨੂੰ ਵੱਧ ਤੋਂ ਵੱਧ ਕੀਤਾ ਹੈ। ਜਨਵਰੀ ਦੇ ਐਡੀਸ਼ਨ ਦੇ ਲੇਖ ਸਾਡੇ ਭਾਈਚਾਰੇ ਦੇ ਨਾਲ ਸਾਡੇ ਵਧੀਆ ਕੰਮ ਅਤੇ ਸਹਯਿੋਗ ਨੂੰ ਹੋਰ ਚੰਗੇ ਤਰੀਕੇ ਨਾਲ ਦਰਸਾਉਂਦੇ ਹਨ। ਸਾਨੂੰ ਭਾਸ਼ਾ ਦੀ ਪਹੁੰਚ ਨੂੰ ਵਧਾਉਣ ਦੇ ਨਾਲ-ਨਾਲ ਸੇਵਾ ਕਰਨ ਵਾਲੇ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ ਰੁਜ਼ਗਾਰ ਦੇਣ ਨੂੰ ਉਤਸ਼ਾਹਤਿ ਕਰਨ ਲਈ ਸਥਾਨਕ ਸਖਿਿਆ ਸੰਸਥਾਵਾਂ (ਯੂਨੀਵਰਸਟਿੀ ਔਫ਼ ਕੈਲੀਫੋਰਨੀਆ, ਡੇਵਸਿ; ਕੈਲੀਫੋਰਨੀਆ ਸਟੇਟ ਯੂਨੀਵਰਸਟਿੀ, ਸੈਕਰਾਮੈਂਟੋ; ਸਇਿਰਾ ਕਮਊਿਨਟਿੀ ਕਾਲਜ) ਨਾਲ ਸਾਂਝੇਦਾਰੀ ਵਚਿ ਸ਼ਾਮਲ ਹੋਣ 'ਤੇ ਮਾਣ ਹੈ। ACRC ਗਾਹਕ ਦੇ ਰੋਜ਼ਗਾਰ ਦੇ ਨਤੀਜਆਿਂ ਦੇ ਨਾਲ-ਨਾਲ DSP ਅਤੇ ਖੇਤਰੀ ਕੇਂਦਰ ਦੇ ਕਾਰਜਬਲ ਨੂੰ ਵਧਾਉਣ ਦੇ ਮੌਕਆਿਂ ਦੀ ਵਕਾਲਤ ਕਰਨ ਅਤੇ ਉਤਸ਼ਾਹਤਿ ਕਰਨ ਲਈ ਵਚਨਬੱਧ ਬਣਆਿ ਰਹਦਿਾ ਹੈ। ਇਹ ਖੇਤਰ ਸਾਡੇ ਦੁਆਰਾ ਕੀਤੇ ਜਾਣ ਵਾਲੇ ਬਹੁਤੇਰੇ ਕੰਮ ਵਚਿ ਮੁੱਖ ਪ੍ਰਾਥਮਕਿਤਾ ਬਣੇ ਹੋਏ ਹਨ।

ਜਾਰੀ ਹੈ ਪੰਨਾ 2

### ਇਸ ਅੰਕ ਵਚਿ ਕੀ ਹੈ:


- ED ਤੋਂ ਸੁਨੇਹਾ
- ਘੋਸ਼ਣਾ - ਕਮਊਿਨਟਿੀ ਮੀਟਗਿਾਂ
- ਕੈਪੀਟੋਲ ਟ੍ਰੀ ਲਾਈਟਗਿ
- ਮਾਈਂਡ ਇੰਸਟੀਟਯੂਟ ਗ੍ਰਾਂਟ
- ਕਾਰੋਬਾਰੀ ਸਲਾਹਕਾਰ ਕੌਂਸਲ
- ਮਾਈਕ੍ਰੋਐਂਟਰਪ੍ਰਾਈਜ਼ ਫੇਅਰ
- ਸਇਿਰਾ ਕਾਲਜ
- ਕਲੀਨਕਿਲ ਕੋਨਾ
- ਕੇਅਰਗਿ ਫਯੂਚਰਸ - ਦ ਆਰਕ
- CAC ਸਮਾਜਕ ਮੇਲਜੋਲ ਪ੍ਰੋਗਰਾਮ
- SAC ਸਟੇਟ ਗ੍ਰਾਂਟ
- ਸੈਂਟਾ ਡੇਅ
- ਭਾਈਚਾਰਕ ਸੇਵਾਵਾਂ ਬਾਰੇ ਅੱਪਡੇਟ
- ਰਟਿਾਇਰਮੈਂਟ
- ਵਸ਼ਿਸ਼ ਕਲਾਕਾਰ

<u>ਘੋਸ਼ਣਾ</u>

# ACRC ਤਿਮਾਹੀ ਕਮਿਊਨਿਟੀ ਟਾਊਨ ਹਾਲ ਮੀਟਿੰਗਾਂ ਦੀ ਮੇਜ਼ਬਾਨੀ ਸ਼ੁਰੂ ਕਰ ਰਿਹਾ ਹੈ

## ਇਹ ਤਾਰੀਖ਼ਾਂ ਨੋਟ ਕਰ ਲਵੋ, 7 ਫਰਵਰੀ, 1 ਮਈ, 7 ਅਗਸਤ, ਅਤੇ 6 ਨਵੰਬਰ

## ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ

### ਵਾਧੂ ਜਾਣਕਾਰੀ ਲਈ, ਇੱਥੇ ਜਾਓ HTTPS://WWW.ALTAREGIONAL.ORG/CALENDAR

## ਕਾਰਜਕਾਰੀ ਨਿਰਦੇਸ਼ਕ ਦਾ ਸੁਨੇਹਾ - ਜਾਰੀ ਹੈ

*ਕਾਰਜਕਾਰੀ ਨਿਰਦੇਸ਼ਕ - ਲੌਰੀ ਬੈਨੇਲਸ (Lori Banales)*

8 ਦਸੰਬਰ ਨੂੰ, ACRC ਸਾਡੇ ਸੈਕਰਾਮੈਂਟੋ ਦਫਤਰ ਵਿੱਚ ਸੈਂਟਾ ਡੇਅ ਮਨਾਉਣ ਲਈ ਹਰ ਉਮਰ ਦੇ ਗਾਹਕਾਂ ਦਾ ਸੁਆਗਤ ਕਰਦਾ ਹੈ। ਇਹ ਦਿਨ ਦੁਨੀਆ ਭਰ ਵਿੱਚ ਮਨਾਈਆਂ ਜਾਂਦੀਆਂ ਛੁੱਟੀਆਂ ਦੀਆਂ ਪਰੰਪਰਾਵਾਂ ਅਤੇ ਰੀਤੀ-ਰਿਵਾਜਾਂ ਨੂੰ ਸ਼ਾਮਲ ਕਰਨ ਲਈ ਮਨਾਇਆ ਜਾਂਦਾ ਹੈ। ਇਸ ਸਮਾਗਮ ਨੂੰ ਸਾਡੇ ਭਾਈਚਾਰੇ ਅਤੇ ਸਾਡੇ ਸਟਾਫ ਦੁਆਰਾ ਬਹੁਤ ਪਸੰਦ ਕੀਤਾ ਜਾਂਦਾ ਹੈ। ਸਾਡੀ "ਸੈਂਟਾ ਕਮੇਟੀ" ਨੇ ਸੈਂਕੜੇ ਭਾਗੀਦਾਰਾਂ ਨੂੰ ਮਿਸਟਰ ਅਤੇ ਮਿਸਿਜ਼ ਕਲੌਸ ਦੇ ਨਾਲ ਇੱਕ ਫੋਟੋ, ਅਤੇ ਇੱਕ ਭਰਿਆ ਹੋਇਆ ਖਿਡੌਣਾ ਅਤੇ ਛੁੱਟੀਆਂ ਦਾ ਸਮਾਨ ਪ੍ਰਦਾਨ ਕੀਤਾ। ਇਹ ਦਿਨ ACRC ਸਟਾਫ਼ ਦੀਆਂ ਕੋਸ਼ਿਸ਼ਾਂ ਅਤੇ ਸਮਰਪਣ ਦੁਆਰਾ ਸੰਭਵ ਹੋਇਆ ਹੈ ਜੋ ਇਸ ਦਿਨ ਨੂੰ ਮਨਾਉਣ ਲਈ ਸਾਲ ਭਰ ਫੰਡ ਇਕੱਠਾ ਕਰਦੇ ਰਹਿੰਦੇ ਹਨ। ਇਸ ਵਿੱਚ ਸ਼ਾਮਲ ਹੋਣ ਵਾਲੇ ਹਰ ਵਿਅਕਤੀ ਦਾ ਧੰਨਵਾਦ। ਉਹ ਦਿਨ ਜਾਦੂਈ ਸੀ! ਅਸੀ ਹੁਣ ਤੋਂ ਹੀ ਅਗਲੇ ਸਾਲ ਦੀ ਤਿਆਰੀ ਦੀ ਸ਼ੁਰੂਆਤ ਕਰ ਰਹੇ ਹਾਂ!

ਜਿਵੇਂ ਕਿ ਅਸੀ ਸਮੁਦਾਇ ਦੀ ਸ਼ਮੂਲੀਅਤ ਨੂੰ ਵਧਾਉਣ ਦੇ ਤਰੀਕੇ ਲੱਭਣ ਦੀ ਉਮੀਦ ਰੱਖਦੇ ਹਾਂ, ਸਾਨੂੰ ਇਹ ਘੋਸ਼ਣਾ ਕਰਦੇ ਹੋਏ ਬਹੁਤ ਖੁਸ਼ੀ ਹੋ ਰਹੀ ਹੈ ਕਿ 2024 ਤੋਂ ਸ਼ੁਰੂ ਕਰਦੇ ਹੋਏ, ACRC ਤਿਮਾਹੀ ਕਮਿਊਨਿਟੀ ਮੀਟਿੰਗਾਂ ਦੀ ਮੇਜ਼ਬਾਨੀ ਕਰੇਗਾ। ਇਹ ਮੀਟਿੰਗਾਂ ਖੇਤਰੀ ਕੇਂਦਰ ਦੀਆਂ ਗਤੀਵਿਧੀਆਂ ਅਤੇ ਪਹਿਲਕਦਮੀਆਂ ਬਾਰੇ ਜਾਣਨ ਦੇ ਨਾਲ-ਨਾਲ ਜਨਤਾ ਦੀ ਰਾਇ ਇਕੱਠਾ ਕਰਨ ਲਈ ਇੱਕ ਮੌਕਾ ਪ੍ਰਦਾਨ ਕਰਨ ਦੇ ਮੌਕੇ ਵਜੋ ਗਾਹਕਾਂ, ਪਰਿਵਾਰਾਂ ਅਤੇ ਭਾਈਚਾਰੇ ਲਈ ਖੁੱਲ੍ਹੀਆਂ ਹੋਣਗੀਆਂ। ਸਾਡੀ ਤਿਮਾਹੀ ਮੀਟਿੰਗ ਫਰਵਰੀ ਵਿੱਚ ਜ਼ੂਮ ਰਾਹੀ ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ ਹੋਵੇਗੀ। ਇਸ ਲਈ ਨਿਰਧਾਰਤ ਤਾਰੀਖ਼ਾਂ 7 ਫਰਵਰੀ, 1 ਮਈ, 7 ਅਗਸਤ, ਅਤੇ 6 ਨਵੰਬਰ ਹਨ। ਅਸੀ ਤੁਹਾਨੂੰ ਸਕ੍ਰੀਨ ਦੇ ਜਰੀਏ ਦੇਖਣ ਲਈ ਉਤਸ਼ਾਹਿਤ ਹਾਂ!

ਸਾਮੁਦਾਇਕ ਮੀਟਿੰਗ ਦੇ ਨਾਲ-ਨਾਲ, ACRC ਇੱਕ ਸਾਲਾਨਾ ਸੰਤੁਸ਼ਟੀ ਸਰਵੇਖਣ ਦੀ ਸ਼ੁਰੂਆਤ ਵੀ ਕਰ ਰਿਹਾ ਹੈ। ਇਹ ਸਰਵੇਖਣ ਹਰੇਕ ਗਾਹਕ ਨੂੰ ਉਨ੍ਹਾਂ ਦੇ ਸਾਲਾਨਾ IFSP ਜਾਂ IPP ਤੋਂ ਬਾਅਦ ਦਿੱਤਾ ਜਾਵੇਗਾ। ਇਹ ਸਰਵੇਖਣ ਤੁਹਾਡੀ ਪਸੰਦੀਦਾ ਭਾਸ਼ਾ ਵਿੱਚ ਇਲੈਕਟ੍ਰਾਨਿਕ ਤੌਰ ਤੇ ਜਾਂ ਨੇਮੀ ਡਾਕ ਰਾਹੀ ਭੇਜਿਆ ਜਾਏਗਾ। ਬੇਨਤੀ ਕਰਨ ਤੇ ਸਰਵੇਖਣ ਨੂੰ ਪੂਰਾ ਕਰਨ ਵਿੱਚ ਸਹਾਇਤਾ ਦਿੱਤੀ ਜਾਏਗੀ। ਜਦੋਂ ਤੁਹਾਨੂੰ ਇਹ ਸਰਵੇਖਣ ਪ੍ਰਾਪਤ ਹੁੰਦਾ ਹੈ ਤਾਂ ਕਿਰਪਾ ਕਰਕੇ ਇਸਨੂੰ ਪੂਰਾ ਕਰਨਾ ਯਾਦ ਰੱਖੋ। ਜੋ ਵੀ ਤੁਸੀ ਸ਼ੇਅਰ ਕਰਦੇ ਹੋ, ਉਹ ਮਾਇਨੇ ਰੱਖਦਾ ਹੈ ਅਤੇ ਸਾਡੇ ਖੇਤਰੀ ਕੇਂਦਰ ਦੀ ਗਾਹਕ ਸੇਵਾ ਤਜ਼ਰਬੇ ਨੂੰ ਬਹਿਤਰ ਬਣਾਉਣ ਵਿੱਚ ਮਦਦ ਕਰਦਾ ਹੈ।

## ACRC 92ਵੇਂ ਕੈਪੀਟੋਲ ਟ੍ਰੀ ਲਾਈਟਿੰਗ ਸਮਾਰੋਹ ਵਿੱਚ ਹਿੱਸਾ ਲੈ ਰਿਹਾ ਹੈ

ਪਹਿਲੀ ਵਾਰ, ACRC ਨੂੰ ਸਮਾਰੋਹ ਵਿੱਚ ਕੈਪੀਟੋਲ ਰੋਟੁੰਡਾ ਵਿੱਚ ਆਪਣੀ ਟ੍ਰੀ ਨੂੰ ਸਜਾਉਣ ਲਈ ਸੱਦਾ ਦਿੱਤਾ ਗਿਆ ਸੀ। ਬ੍ਰੈਡਲੀ ਮਾਰਗੇਟਸ (Bradley Margetts) ਨੇ ਰੁੱਖ ਦੀ ਕਾਂਟ-ਛਾਂਟ ਕਰਨ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਨੂੰ ਗਵਰਨਰ ਨਿਊਸਮ (Governor Newsom) ਨਾਲ ਮਿਲਣ ਦਾ ਮੌਕਾ ਮਿਲਿਆ। ਸਜਾਵਟ ਦਾ ਸਾਮਾਨ ਬਣਾਉਣ ਵਿੱਚ ਸਹਾਇਤਾ ਕਰਨ ਲਈ ਸਾਡੇ ਸਟਾਫ਼ ਅਤੇ ਵਕਿਰਤਾਵਾਂ ਦਾ ਧੰਨਵਾਦ।







# ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ ਦੇ ਗਾਹਕਾਂ ਵਿੱਚ ਵਿਅਕਤੀਗਤ ਪਲੇਸਮੈਂਟ ਅਤੇ ਸਹਾਇਤਾ ਮਾਡਲ ਦੀ ਜਾਂਚ ਕਰਨ ਲਈ ਮਾਈਂਡ ਇੰਸਟੀਚਿਊਟ DDS ਰੁਜ਼ਗਾਰ ਗ੍ਰਾਂਟ

UC DAVIS HEALTH | MIND INSTITUTE

## ਡਾਕਟਰ ਮਾਰਜੋਰੀ ਸੁਲੇਮਾਨ (DR. MARJORIE SOLOMON)



ਸਾਡੇ DDS ਰੁਜ਼ਗਾਰ ਗ੍ਰਾਂਟ ਪ੍ਰੋਜੈਕਟ ਦਾ ਸਮੁੱਚਾ ਟੀਚਾ ਵਿਅਕਤੀਗਤ ਪਲੇਸਮੈਂਟ ਅਤੇ ਸਹਾਇਤਾ (IPS) ਮਾਡਲ ਦੀ ਵਰਤੋਂ ਕਰਦੇ ਹੋਏ ਬੌਧਿਕ ਅਤੇ ਵਿਕਾਸ ਸੰਬੰਧੀ ਅਸਮਰਥਤਾਵਾਂ (IDD) ਵਾਲੇ ਵਿਅਕਤੀਆਂ ਅਤੇ ਔਟਿਜ਼ਮ ਵਾਲੇ ਵਿਅਕਤੀਆਂ ਲਈ ਸਹਾਇਕ ਰੁਜ਼ਗਾਰ ਸੇਵਾਵਾਂ ਦੇ ਪ੍ਰਬੰਧ ਵਿੱਚ ਸਬੂਤ-ਆਧਾਰਿਤ ਤਰੀਕਿਆਂ ਨੂੰ ਵਿਕਸਿਤ ਕਰਨ ਵਿੱਚ ਮਦਦ ਕਰਨਾ ਹੈ। IPS ਦੁਨੀਆ ਭਰ ਦੇ ਸਭ ਤੋਂ ਵੱਡੇ ਸਬੂਤ 'ਤੇ ਅਧਾਰਤ ਹੋਣ ਦੇ ਨਾਲ ਇੱਕ ਅਨੁਕੂਲਿਤ ਸਮਰਥਿਤ ਰੁਜ਼ਗਾਰ ਮਾਡਲ ਹੈ। ਇਹ ਮੁੱਖ ਤੌਰ 'ਤੇ ਚਿਰਕਾਲੀ ਮਾਨਸਿਕ ਬਿਮਾਰੀਆਂ ਵਾਲੇ ਵਿਅਕਤੀਆਂ ਲਈ ਵਰਤਿਆ ਗਿਆ ਹੈ, ਜਿੱਥੇ ਇਹ ਬਹੁਤ ਪ੍ਰਭਾਵਸ਼ਾਲੀ ਰਿਹਾ ਹੈ, ਅਤੇ ਹੁਣ IDD ਅਤੇ ਔਟਿਜ਼ਮ ਵਾਲੇ ਵਿਅਕਤੀਆਂ ਵਿੱਚ IPS ਦੇ ਕਈ ਛੋਟੇ ਟਰਾਇਲ ਕੀਤੇ ਗਏ ਹਨ। IPS ਇਨ੍ਹਾਂ ਆਬਾਦੀਆਂ ਵਿੱਚ ਕਾਫ਼ੀ ਹੱਦ ਤੱਕ ਸਫਲ ਰਿਹਾ ਹੈ। ਸਾਡੇ ਪ੍ਰੋਜੈਕਟ ਵਿੱਚ, ਅਸੀਂ ਕੈਲੀਫੋਰਨੀਆ ਦੇ ਗਾਹਕਾਂ ਦੀਆਂ ਵਿਲੱਖਣ ਲੋੜਾਂ ਨੂੰ ਪੂਰਾ ਕਰਨ ਲਈ, ਅਤੇ ਇਹ ਦਿਖਾਉਣ ਲਈ ਕਿ ਮਾਡਲ ਨੂੰ Alta ਦੁਆਰਾ ਵਿਕਰੇਤਾ ਕਮਿਊਨਿਟੀ ਰੁਜ਼ਗਾਰ ਏਜੰਸੀਆਂ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਜਾ ਸਕਦਾ ਹੈ, IPS ਨੂੰ ਅਨੁਕੂਲਿਤ ਬਣਾਉਂਦੇ ਹਾਂ।

IPS ਗਾਹਕਾਂ ਲਈ ਪ੍ਰਤੀਯੋਗੀ ਏਕੀਕ੍ਰਿਤ ਰੁਜ਼ਗਾਰ ਦੀ ਮੰਗ ਕਰਨ ਵਾਲੇ ਉੱਚ-ਗੁਣਵੱਤਾ ਵਾਲੇ ਸਮਰਥਿਤ ਰੁਜ਼ਗਾਰ ਪ੍ਰਦਾਤਾਵਾਂ ਨਾਲੋਂ ਕੁਝ ਬਹੁਤ ਵੱਖਰਾ ਨਹੀਂ ਹੈ। ਹਾਲਾਂਕਿ, ਇਸ ਮਾਡਲ ਦੇ ਵਿਲੱਖਣ ਪਹਿਲੂ ਹਨ ਜੋ ਇਸਨੂੰ ਬਹੁਤ ਪ੍ਰਭਾਵਸ਼ਾਲੀ ਬਣਾਉਂਦੇ ਹਨ। ਸਭ ਤੋਂ ਪਹਿਲਾਂ, IPS ਵਿੱਚ, ਰੁਜ਼ਗਾਰ ਸਹਾਇਤਾ ਪੇਸ਼ੇਵਰ ਨੌਕਰੀਆਂ ਵਿਕਸਿਤ ਕਰਨ ਅਤੇ ਆਪਣੇ ਗਾਹਕਾਂ ਲਈ ਨੌਕਰੀ ਦੇ ਕੋਚ ਦੋਵੇਂ ਵਜੋਂ ਕੰਮ ਕਰਦੇ ਹਨ। ਇਹ ਸੁਨਿਸ਼ਚਿਤ ਕਰਦਾ ਹੈ ਕਿ ਗਾਹਕਾਂ ਅਤੇ ਉਹਨਾਂ ਦੇ ਰੁਜ਼ਗਾਰ ਮਾਹਿਰਾਂ ਲਈ ਚੰਗੀ ਨਿਰੰਤਰਤਾ ਬਣੀ ਰਹਿੰਦੀ ਹੈ ਜੋ ਫਿਰ ਖਪਤਕਾਰ ਦੇ ਰੁਜ਼ਗਾਰਦਾਤਾ ਨਾਲ ਰਿਸ਼ਤੇ ਵੀ ਵਿਕਸਿਤ ਕਰ ਸਕਦੇ ਹਨ। ਦੂਜਾ, ਰੁਜ਼ਗਾਰ ਮਾਹਿਰ ਸਿਰਫ਼ ਖਪਤਕਾਰਾਂ ਦੀ ਦਿਲਚਸਪੀ ਵਾਲੇ ਖੇਤਰਾਂ ਵਿੱਚ ਹੀ ਨੌਕਰੀਆਂ ਵਿਕਸਿਤ ਕਰਦੇ ਹਨ। ਤੀਜਾ, IPS ਇੱਕ ਅਜਿਹੇ "ਸਥਾਪਤ ਕਰਨਾ ਅਤੇ ਸਿਖਲਾਈ" ਦੀ ਬਜਾਏ ਕਿ "ਸਿਖਲਾਈ ਅਤੇ ਸਥਾਪਤ ਕਰਨਾ" ਮਾਡਲ 'ਤੇ ਅਧਾਰਤ ਹੈ, ਜਿਸਦਾ ਮਤਲਬ ਹੈ ਕਿ ਉਦੇਸ਼ ਖਪਤਕਾਰਾਂ ਨੂੰ ਲੰਮੀ ਸਿਖਲਾਈ ਵਿੱਚ ਹਿੱਸਾ ਲੈਣ ਜਿਸ ਨਾਲ ਜਿਸ ਨਾਲ ਰੁਜ਼ਗਾਰ ਨਹੀਂ ਮਿਲਦਾ ਦੀ ਬਜਾਏ ਤੁਰੰਤ ਨੌਕਰੀਆਂ ਪ੍ਰਾਪਤ ਕਰਵਾਉਣਾ ਹੈ। ਅਖੀਰ ਵਿੱਚ, IPS ਲਾਗੂ ਕਰਨ ਵਾਲੀਆਂ ਏਜੰਸੀਆਂ ਦਾ ਇਹ ਯਕੀਨੀ ਬਣਾਉਣ ਲਈ ਕਿ ਉਹ ਮਾਡਲ ਨੂੰ ਸਹੀ ਢੰਗ ਨਾਲ ਲਾਗੂ ਕਰ ਰਹੀਆਂ ਹਨ, ਨੂੰ ਸਮੇਂ-ਸਮੇਂ 'ਤੇ ਗੰਭੀਰ ਸਮੀਖਿਆਵਾਂ ਤੋਂ ਗੁਜ਼ਰਨਾ ਲਾਜ਼ਮੀ ਹੈ।

ਪਿਛਲੀ ਫਰਵਰੀ ਵਿੱਚ ਅਸੀਂ IPS ਵਿੱਚ ਭਾਗ ਲੈਣ ਵਾਲੀਆਂ ਏਜੰਸੀਆਂ ਨੂੰ ਸਿਖਲਾਈ ਦੇਣਾ ਸ਼ੁਰੂ ਕੀਤਾ। ਅਲਟਾ ਦੇ ਵਿਕਰੇਤਾਵਾਂ ਦੁਆਰਾ ਸਮਰਥਿਤ ਚਾਰ ਰੁਜ਼ਗਾਰ ਏਜੰਸੀਆਂ ਭਾਈਵਾਲਾਂ ਵਜੋਂ ਹਿੱਸਾ ਲੈਣ ਲਈ ਅੱਗੇ ਆਈਆਂ। ਉਹ ਹਨ, InAlliance, On My Own Community Services, PRIDE Industries, ਅਤੇ tkMomentum. ਸਾਡੇ ਸਮੂਹ ਦੀਆਂ ਹਫਤਾਵਾਰੀ ਮੀਟਿੰਗਾਂ ਹੁੰਦੀਆਂ ਹਨ ਜਿੱਥੇ ਅਸੀਂ IPS ਮਾਡਲ ਅਤੇ ਚੰਗੀ ਵਫ਼ਾਦਾਰੀ ਨਾਲ ਸੇਵਾਵਾਂ ਪ੍ਰਦਾਨ ਕਰਨ; ਖਾਸ ਚੁਣੌਤੀਪੂਰਨ ਕੇਸਾਂ; ਉਪਲਬਧ ਸੋਮਿਆਂ ਬਾਰੇ ਚਰਚਾ ਕਰਦੇ ਹਾਂ ਜੋ ਅਸੀਂ ਸਾਂਝੇ ਕਰ ਸਕਦੇ ਹਾਂ; ਅਤੇ ਮਾਡਲ ਅਤੇ ਸਥਿਰਤਾ ਲਈ ਫੰਡਿੰਗ ਨਾਲ ਸੰਬੰਧਿਤ ਮੁੱਦਿਆਂ ਬਾਰੇ ਚਰਚਾ ਕਰਦੇ ਹਾਂ। ਔਟਿਸਟਿਕ ਬਾਲਗ ਵਿਅਕਤੀਆਂ, ਪਰਿਵਾਰਕ ਮੈਂਬਰਾਂ, ਨੀਤੀ ਮਾਹਿਰਾਂ, ਅਕਾਦਮਿਕ ਵਿਅਕਤੀਆਂ, ਅਤੇ ਰੁਜ਼ਗਾਰਦਾਤਾਵਾਂ ਦਾ ਇੱਕ ਤਿਮਾਹੀ ਸਟੇਕ ਹੋਲਡਰ ਪੈਨਲ ਵੀ ਇਹਨਾਂ ਮੁੱਦਿਆਂ 'ਤੇ ਸਾਡੇ ਨਾਲ ਸਲਾਹ ਕਰਨ ਲਈ ਮਿਲਦਾ ਹੈ। ਅੱਜ ਤੱਕ, ਅਸੀਂ 16 ਭਾਗੀਦਾਰਾਂ ਨੂੰ ਨਾਮਜ਼ਦ ਕੀਤਾ ਹੈ। ਹੁਣ ਤੱਕ, ਉਨ੍ਹਾਂ ਵਿੱਚੋਂ ਅੱਧਿਆਂ ਨੇ ਆਪਣੀ ਦਿਲਚਸਪੀ ਵਾਲੇ ਖੇਤਰਾਂ ਵਿੱਚ ਨੌਕਰੀਆਂ ਪ੍ਰਾਪਤ ਕੀਤੀਆਂ ਹਨ। ਅਸੀਂ ਹੁਣੇ ਹੀ ਸਾਡੀਆਂ ਪਹਿਲੀਆਂ 6-ਮਹੀਨਿਆਂ ਦੀ ਵਫ਼ਾਦਾਰੀ ਸਮੀਖਿਆਵਾਂ ਸ਼ੁਰੂ ਕੀਤੀਆਂ ਹਨ ਅਤੇ ਉਹ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ। ਸਾਡੀਆਂ ਹਫਤਾਵਾਰੀ ਮੀਟਿੰਗਾਂ ਉਤਪਾਦਕ ਚਰਚਾਵਾਂ ਪੈਦਾ ਕਰਦੀਆਂ ਹਨ ਅਤੇ ਸਾਡੇ ਗਾਹਕਾਂ ਲਈ ਪ੍ਰਤੀਯੋਗੀ ਏਕੀਕ੍ਰਿਤ ਰੁਜ਼ਗਾਰ ਨੂੰ ਸੁਰੱਖਿਅਤ ਕਰਨ ਲਈ ਰੁਕਾਵਟਾਂ ਨੂੰ ਉਜਾਗਰ ਕਰਦੀਆਂ ਹਨ। ਅਸੀਂ ਉਮੀਦ ਕਰਦੇ ਹਾਂ ਕਿ ਸਾਡੀ ਖੋਜ ਇਹ ਪ੍ਰਗਟ ਕਰੇਗੀ ਕਿ IPS ਆਮ ਵਾਂਗ ਸੇਵਾਵਾਂ ਨਾਲੋਂ ਵਧੀਆ ਕੰਮ ਦੇ ਨਤੀਜੇ ਪੈਦਾ ਕਰ ਰਿਹਾ ਹੈ ਅਤੇ ਇਹ ਕਿ ਅਸੀਂ ਮਾਡਲ ਨੂੰ ਸਮਰਥਨ ਦੇਣ ਲਈ ਉਪਲਬਧ ਫੰਡਾਂ ਨੂੰ ਮਿਲਾਉਣ ਦਾ ਇੱਕ ਤਰੀਕਾ ਲੱਭਾਂਗੇ ਜੇਕਰ ਇਹ ਸਫਲ ਹੁੰਦਾ ਹੈ। ਅਸੀਂ DDS ਫੰਡਿੰਗ ਲਈ ਬਹੁਤ ਧੰਨਵਾਦੀ ਹਾਂ ਜਿਸਨੇ ਇਸ ਕੰਮ ਨੂੰ ਕਰਨ ਵਿੱਚ ਸਾਡੀ ਮਦਦ ਕੀਤੀ ਹੈ।

ਸਵਾਲਾਂ ਲਈ, ਕਿਰਪਾ ਕਰਕੇ ਜੋਅ ਐਨ ਯੌਨ ਹਰਨੈਂਡਜ਼ (Jo Ann Yon Hernandez) ਨਾਲ jyonh@ucdavis.edu 'ਤੇ ਸੰਪਰਕ ਕਰੋ

On My Own Community Services · tkMomentum · DDS Department of Developmental Services · InAlliance · PRIDE INDUSTRIES

# ਉੱਤਰੀ ਕੈਲੀਫੋਰਨੀਆ ਕਾਰੋਬਾਰੀ ਸਲਾਹਕਾਰ ਕੌਂਸਲ ਬਾਰੇ ਜਾਣਕਾਰੀ ਪ੍ਰਾਪਤ ਕਰੋ
# ਸਟੀਵ ਰੁਡਰ (STEVE RUDER)

ਉੱਤਰੀ ਕੈਲੀਫੋਰਨੀਆ ਕਾਰੋਬਾਰੀ ਸਲਾਹਕਾਰ ਕੌਂਸਲ (BAC) ਵਕਿਾਸ ਸੰਬੰਧੀ ਅਸਮਰਥਤਾਵਾਂ ਵਾਲੇ ਲੋਕਾਂ ਲਈ ਕਰਮਚਾਰੀਆਂ ਦੇ ਮਹੱਤਵਪੂਰਣ ਮੈਂਬਰ ਬਣਨ ਦੇ ਮੌਕਿਆਂ ਨੂੰ ਉਤਸ਼ਾਹਤਿ ਕਰਨ ਲਈ ਕਾਰੋਬਾਰਾਂ ਨਾਲ ਮਲਿ ਕੇ ਕੰਮ ਕਰਦੀ ਹੈ। BAC ਟੀਮ ਖੇਤਰੀ ਕੇਂਦਰ ਦੁਆਰਾ ਸਮਰਥਤਿ ਰੁਜ਼ਗਾਰ ਏਜੰਸੀਆਂ, ਪੁਨਰਵਾਸ ਵਭਿਾਗ ਅਤੇ ਅਮਰੀਕਨ ਜੌਬ ਸੈਂਟਰਾਂ ਦੀ ਬਣੀ ਹੋਈ ਹੈ, ਜੋ ਸਾਰੇ ਅਪਾਹਜ ਲੋਕਾਂ ਨੂੰ ਅਰਥਪੂਰਨ ਕੰਮ ਲੱਭਣ ਵੱਿਚ ਸਹਾਇਤਾ ਕਰਦੇ ਹਨ। ਜਦੋਂ ਇੱਕ BAC ਸਾਂਝੀਦਾਰ ਕਸਿ ਅਜਹਿ ਕਾਰੋਬਾਰ ਨਾਲ ਕੰਮ ਕਰਦਾ ਹੈ ਜੋ ਅਸਮਰਥਤਾਵਾਂ ਵਾਲੇ ਲੋਕਾਂ ਲਈ ਸੁਆਗਤ ਅਤੇ ਸਹਾਇਕ ਮੌਕੇ ਪੈਦਾ ਕਰਦਾ ਹੈ, ਤਾਂ BAC ਉਸ ਕਾਰੋਬਾਰ ਨੂੰ ਬਾਕੀ ਕਾਰੋਬਾਰਾਂ ਨੂੰ ਇਹ ਸਮਝਾਉਣ ਲਈ ਸੱਦਾ ਦਦਿਾ ਹੈ ਕਂਿ ਉਹ ਆਪਣੀਆਂ ਰਣਨੀਤੀਆਂ ਨੂੰ ਕਵਿੇਂ ਲਾਗੂ ਕਰ ਸਕਦੇ ਹਨ। ਇੱਕ ਵਾਰ ਜਦੋਂ ਕਾਰੋਬਾਰ ਇਹ ਸੱਿਖ ਲੈਂਦੇ ਹਨ ਕਂਿ BAC ਟੀਮ ਏਜੰਸੀਆਂ ਤੋਂ ਸਹਾਇਤਾ ਕਵਿੇਂ ਪ੍ਰਾਪਤ ਕਰਨੀ ਹੈ, ਤਾਂ ਉਹ ਨੌਕਰੀ ਲਈ ਉਤਸੁਕ ਉਮੀਦਵਾਰਾਂ ਤੱਕ ਪਹੁੰਚ ਪ੍ਰਾਪਤ ਕਰਕੇ ਬਹੁਤ ਖੁਸ਼ ਹੁੰਦੇ ਹਨ ਜੋ ਕੰਮ ਕਰਨ ਲਈ ਯੋਗ ਹੁੰਦੇ ਹਨ ਅਤੇ ਲੰਬੇ ਸਮੇਂ ਦੇ ਕਰਮਚਾਰੀ ਬਣਨ ਲਾਇਕ ਹੁੰਦੇ ਹਨ। ਜੇਕਰ ਤੁਸੀ ਭਰਤੀ ਕਰਨ ਵਾਲੇ ਮੈਨੇਜਰ ਹੋ ਜਾਂ ਕਸਿ ਮੈਨੇਜਰ ਨੂੰ BAC ਨਾਲ ਜੋੜਨਾ ਚਾਹੁੰਦੇ ਹੋ, ਤਾਂ ਕਰਿਪਾ ਕਰਕੇ hs-bac@ucdavis.edu 'ਤੇ ਸਾਡੇ ਨਾਲ ਈਮੇਲ ਰਾਹੀ ਸੰਪਰਕ ਕਰੋ ਜਾਂ https://www.linkedin.com/company/ncalbac 'ਤੇ ਸਾਡੇ ਲਕਿਡਇਨ ਪੰਨੇ 'ਤੇ ਜਾਓ

## 5 ਦਸੰਬਰ - ਸੈਕਰਾਮੈਂਟੋ ਦਫ਼ਤਰ ਵਖਿ ਮਾਈਕ੍ਰੋਐਂਟਰਪ੍ਰਾਈਜ਼ ਫੇਅਰ

ACRC ਮਾਈਕ੍ਰੋਐਂਟਰਪ੍ਰਾਈਜ਼ ਮੇਲਿਆਂ ਦੀ ਮੇਜ਼ਬਾਨੀ ਕਰਕੇ ਖੁਸ਼ ਹੈ, ਜਸਿ ਨਾਲ ਗਾਹਕਾਂ ਨੂੰ ਉਨ੍ਹਾਂ ਦੀ ਕਲਾਕਾਰੀ ਅਤੇ ਉਤਪਾਦ ਵੇਚਣ ਦੇ ਮੌਕੇ ਮਲਿਦੇ ਹਨ। ਭਵੱਿਖ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਲਈ, ਕਰਿਪਾ ਕਰਕੇ https://www.altaregional.org/calendar 'ਤੇ ਜਾਓ।













# ਸਇਿਰਾ ਕਾਲਜ ਨੌਕਰੀ ਮੇਲਾ

7 ਨਵੰਬਰ 2023 ਨੂੰ ਸਇਿਰਾ ਕਾਲਜ ਨੇ ਆਪਣੇ ਰੌਕਲਨਿ ਕੈਮਪਸ 'ਤੇ ਖੇਤਰੀ ਕੇਂਦਰ ਦੇ ਸੇਵਾ ਪ੍ਰਦਾਤਾਵਾਂ ਲਈ ਇੱਕ DSPCollaborative.org Disability ਉਦਯੋਗਕਿ ਕਰੀਅਰ ਐਕਸਪੋ ਦੀ ਮੇਜਬਾਨੀ ਕੀਤੀ ਸੀ। ACRC ਵਕਿਾਸ ਸੰਬੰਧੀ ਅਸਮਰਥਤਾ ਦੇ ਖੇਤਰ ਵੱਿਚ ਨੌਕਰੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਵਾਲੇ ਕਰੀਅਰ ਮੇਲੇ ਦੇ ਆਯੋਜਨ ਲਈ ਸਹਾਇਤਾ ਦੀ ਸ਼ਲਾਘਾ ਕਰਦਾ ਹੈ।


















# ਸਇਿਰਾ ਕਾਲਜ ਵੱਿਚ ਨਵੇਂ ਪ੍ਰੋਗਰਾਮ ਬਾਰੇ ਅੱਪਡੇਟ

ਸਇਿਰਾ ਕਾਲਜ ਲਰਨਗਿ ਇੰਡੀਪੈਂਡੇਂਸ ਫਾਰ ਫਊਿਚਰ ਇੰਪਲਾਇਮੈਂਟ (LIFE) ਪ੍ਰੋਗਰਾਮ ਬਸੰਤ 2024 ਦੇ ਅਖੀਰ ਵੱਿਚ ਸ਼ੁਰੂ ਹੋਵੇਗਾ - ਐਂਜਲ ਗਾਰਸੀਆ (Angel Garcia), MSW - ਪ੍ਰੋਗਰਾਮ ਮੈਨੇਜਰ

ਸਇਿਰਾ ਕਾਲਜ ਕਾਲਜ ਸੈਟਗਿ ਵੱਿਚ ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ ਦੇ 18 ਤੋਂ 26 ਸਾਲ ਦੀ ਉਮਰ ਦੇ ਖਪਤਕਾਰਾਂ ਦੀ ਸੇਵਾ ਕਰਨ ਲਈ ਲਰਨਗਿ ਇੰਡੀਪੈਂਡੇਂਸ ਫਾਰ ਫਊਿਚਰ ਇੰਪਲਾਇਮੈਂਟ (LIFE) ਪ੍ਰੋਗਰਾਮ ਨੂੰ ਚਲਾਉਣਾ ਸ਼ੁਰੂ ਕਰੇਗਾ। 2024-2025 ਦੇ 12 ਵਦਿਆਿਰਥੀਆਂ ਦੇ ਸਮੂਹ ਦਾ ਸਇਿਰਾ ਕਾਲਜ ਕਮਊਿਨਟੀ ਦੁਆਰਾ ਕੈਂਪਸ ਵੱਿਚ ਸੱਿਖਣ, ਅਸਲ ਸੰਸਾਰ ਵੱਿਚ ਅਭਆਿਸ ਅਤੇ ਕਮਊਿਨਟੀ ਗਤੀਵਧੀਆਂ ਨੂੰ ਏਕੀਕ੍ਰਤਿ ਕਰਨ ਲਈ ਪ੍ਰੋਗਰਾਮ ਸ਼ੁਰੂ ਕਰਨ ਲਈ ਸੁਆਗਤ ਕੀਤਾ ਜਾਵੇਗਾ। ਭਾਗੀਦਾਰ ਸੁਤੰਤਰਤਾ ਪਾਠਕ੍ਰਮ ਦੀ ਵਰਤੋਂ ਕਰਦੇ ਹੋਏ ਪ੍ਰੋਗਰਾਮਗਿ ਵੱਿਚ ਸ਼ਾਮਲ ਹੋਣਗੇ ਜੋ ਕੰਮ/ਕੈਰੀਅਰ, ਪੈਸੇ ਦੇ ਪ੍ਰਬੰਧਨ/ਵੱਿਤ, ਸੁਤੰਤਰ ਅਤੇ ਕਮਊਿਨਟੀ ਲਵਿਗਿ, ਆਵਾਜਾਈ ਦੇ ਵਕਿਲਪ, ਸਹਿਤ ਅਤੇ ਪੋਸ਼ਣ, ਸੁਰੱਖਆਿ, ਸੱਭਆਿਚਾਰ ਅਤੇ ਪਛਾਣ, ਕਮਊਿਨਟੀ ਬਣਾਉਣ ਅਤੇ ਸੰਬੰਧਾਂ ਵੱਿਚ ਨੈਵੀਗੇਟ ਕਰਨਾ, ਵਵਿਸਥਾ ਅਤੇ ਸੰਚਾਰ ਅਤੇ ਹੋਰ ਬਹੁਤ ਕੁਝ ਬਾਰੇ ਕੋਰਸ ਪ੍ਰਦਾਨ ਕਰਦਾ ਹੈ। ਚਾਰ-ਸਮੈਸਟਰ ਵਾਲੇ ਪ੍ਰੋਗਰਾਮ ਦੇ ਅਖੀਰ ਤੱਕ ਪ੍ਰਤੀਯੋਗੀ, ਏਕੀਕ੍ਰਤਿ ਰੁਜ਼ਗਾਰ ਪ੍ਰਾਪਤ ਕਰਨ ਦੇ ਇਰਾਦੇ ਨਾਲ, ਕੰਮ ਦਾ ਤਜਰਬਾ ਹਾਸਲ ਕਰਨ ਲਈ ਭਾਗੀਦਾਰਾਂ ਲਈ ਇੰਟਰਨਸ਼ਪਿ ਦੇ ਮੌਕੇ ਬਣਾਉਣਾ ਵੀ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਭਾਗੀਦਾਰ ਕੈਂਪਸ ਦੇ ਅੰਦਰ ਅਤੇ ਬਾਹਰ ਕਈ ਤਰ੍ਹਾਂ ਦੀਆਂ ਕਮਊਿਨਟੀ ਏਕੀਕਰਣ ਗਤੀਵਧੀਆਂ ਵੱਿਚ ਸ਼ਾਮਲ ਹੋਣਗੇ ਜੋ ਸਵੈ-ਵਕਾਲਤ, ਸੁਰੱਖਆਿ, ਭਾਈਚਾਰੇ, ਰਹਣਿ-ਸਹਣਿ, ਆਵਾਜਾਈ, ਵੱਿਤ ਅਤੇ ਹੋਰ ਬਹੁਤ ਕੁਝ ਨਾਲ ਸੰਬੰਧਤਿ ਹਨ। ਵਦਿਆਿਰਥੀਆਂ ਨੂੰ ਸਇਿਰਾ ਕਾਲਜ ਵਖਿ ਉਪਲਬਧ ਗੈਰ-ਕ੍ਰੈਡਟਿ, ਕ੍ਰੈਡਟਿ, ਅਤੇ ਕਮਊਿਨਟੀ ਐਜੂਕੇਸ਼ਨ ਕਲਾਸਾਂ ਦਾ ਫਾਇਦਾ ਲੈਣ ਲਈ ਵੀ ਸਹਾਇਤਾ ਪ੍ਰਦਾਨ ਕੀਤੀ ਅਤੇ ਉਤਸ਼ਾਹਤਿ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ, ਕਰਿਪਾ ਕਰਕੇ LIFE ਪ੍ਰੋਗਰਾਮ ਦੀ ਵੈੱਬਸਾਈਟ 'ਤੇ ਜਾਓ(https://www.sierracollege.edu/academics/life-program/) ਜਾਂ LIFE@sierracollege.edu 'ਤੇ ਈਮੇਲ ਭੇਜੋ।

ਜੇਕਰ ਤੁਸੀ ਕਸਿ ਸੰਭਾਵੀ ਬਨਿੈਕਾਰ ਬਾਰੇ ਜਾਣਦੇ ਹੋ ਜਾਂ ਪ੍ਰੋਗਰਾਮ ਲਈ ਆਪ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ ਕਰਿਪਾ ਕਰਕੇ ਐਪਲੀਕੇਸ਼ਨ ਜਾਰੀ ਹੋਣ 'ਤੇ ਈਮੇਲ ਸੂਚੀ ਵੱਿਚ ਸ਼ਾਮਲ ਕਰਨ ਲਈ ਉਪਰੋਕਤ ਈਮੇਲ ਪਤੇ ਦੀ ਵਰਤੋਂ ਕਰੋ।



## ਕਲੀਨਕਿਲ ਕੋਨਾ
## ਸ਼ੈਨਨ ਮੈੱਕੌਨੈੱਲ (SHANNON MCCONNELL), RDH, BSDH
## ਡੈਂਟਲ ਕੋਆਰਡੀਨੇਟਰ




ACRC ਦੇ ਡੈਂਟਲ ਕੋਆਰਡੀਨੇਟਰ ਦੇ ਤੌਰ 'ਤੇ ਮੇਰੇ ਪਹਲਿੇ ਸਾਲ 'ਤੇ ਪ੍ਰਤੀਬਬਿਤ ਕਰਦੇ ਹੋਏ, ਨਾ ਸਰਿਫ਼ ਸ਼ਾਨਦਾਰ ਸਹਕਿਰਮੀਆਂ ਦੇ ਨਾਲ-ਨਾਲ ਸਾਡੇ ਸ਼ਾਨਦਾਰ ਗਾਹਕਾਂ ਅਤੇ ਪਰਵਿਾਰਾਂ ਨਾਲ ਵੀ ਨਾਲ-ਨਾਲ ਕੰਮ ਕਰਨਾ ਇੱਕ ਵਸ਼ਿੇਸ਼-ਸਨਮਾਨ ਰਹਿਾ ਹੈ। ਹਾਲਾਂਕਿ ਜਦੋਂ ਮੈਂ ACRC ਵਿੱਚ ਆਇਆ ਤਾਂ ਮੈਂ ਖੇਤਰੀ ਕੇਂਦਰ ਪ੍ਰਣਾਲੀ ਤੋਂ ਅਣਜਾਣ ਸੀ, ਇੱਕ ਕਲੀਨਕਿਲ ਡੈਂਟਲ ਹਾਈਜੀਨਸਿਟ ਦੇ ਰੂਪ ਵਿੱਚ ਮੇਰੀ ਪਛਿੋਕੜ ਨੇ ਬੀਮਾ ਬਲਿਗਿ ਦੇ ਮੇਰੇ ਤਜਰਬੇ ਦੇ ਨਾਲ ਮਲਿ ਕੇ ਮੈਨੂੰ ਇੱਕ ਵਲਿੱਖਣ ਸਥਤਿੀ ਪ੍ਰਦਾਨ ਕੀਤੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਗਾਹਕ ਆਪਣੀਆਂ ਦੰਦਾਂ ਸੰਬੰਧੀ ਜ਼ਰੂਰਤਾਂ ਨੂੰ ਪੂਰਾ ਕਰ ਸਕਦੇ ਹਨ। ਸਾਡੀ ਗਾਹਕ ਆਬਾਦੀ ਦੀ ਸੇਵਾ ਕਰਨ ਦੇ ਯੋਗ ਹੋਣਾ ਮੇਰੇ ਜੀਵਨ ਦੀਆਂ ਸਭ ਤੋਂ ਵੱਡੀਆਂ ਖੁਸ਼ੀਆਂ ਵਿੱਚੋਂ ਇੱਕ ਰਹਿਾ ਹੈ।

ਪਛਿਲੇ ਸਾਲ ਦੌਰਾਨ ਮੇਰੇ ਮੁੱਖ ਟੀਚਆਿਂ ਵਿੱਚੋਂ ਇੱਕ ਅੰਦਰੂਨੀ ਪ੍ਰਕਰਿਆਿਵਾਂ ਨੂੰ ਸੁਚਾਰੂ ਬਣਾਉਣਾ ਰਹਿਾ ਹੈ ਤਾਂ ਜੋ ਸਾਡੇ ਸੇਵਾ ਕੋਆਰਡੀਨੇਟਰ ਸਾਡੇ ਗਾਹਕਾਂ ਨੂੰ ਉਹਨਾਂ ਦੀਆਂ ਦੰਦਾਂ ਸੰਬੰਧੀ ਲੋੜਾਂ ਨੂੰ ਤੇਜ਼ੀ ਨਾਲ ਹੱਲ ਕਰਨ ਵਿੱਚ ਸਹਾਇਤਾ ਕਰ ਸਕਣ। ਮੈਂ ਆਪਣੇ ਸਥਾਨਕ ਦੰਦਾਂ ਦੇ ਪ੍ਰਦਾਤਾਵਾਂ ਅਤੇ ਦੰਦਾਂ ਦੇ ਪਲਾਨਾਂ ਨਾਲ ਵੀ ਸਹਯਿੋਗ ਕਰ ਰਹਿਾ ਹਾਂ ਤਾਂ ਜੋ ਗਾਹਕਾਂ ਲਈ ਗੁੰਝਲਦਾਰ ਦੰਦਾਂ ਦੀ ਦੇਖਭਾਲ ਲਈ ਮੁਲਾਕਾਤਾਂ ਦਾ ਤਾਲਮੇਲ ਕੀਤਾ ਜਾ ਸਕੇ, ਗੁਣਵੱਤਾ ਵਾਲੇ ਪ੍ਰਦਾਤਾਵਾਂ ਨੂੰ ਲੱਭਿਆ ਜਾ ਸਕੇ, ਅਤੇ ਦੰਦਾਂ ਦੇ ਬਹੁਤ ਸਾਰੇ ਲੋੜੀਂਦੇ ਇਲਾਜਾਂ ਨੂੰ ਮਨਜ਼ੂਰੀ ਦਤਿੀ ਜਾ ਸਕੇ।

ਮੇਰੇ ਸਾਲ ਦੀਆਂ ਮੁੱਖ ਗੱਲਾਂ ਵੱਖ-ਵੱਖ ਆਊਟਰੀਚ ਮੌਕਆਿਂ ਵਿੱਚ ਹਸਿਾ ਲੈ ਰਹੀਆਂ ਹਨ, ਜਵਿੇਂ ਕਿ ਵਜ਼ਿਨਜ਼ ਇਨ ਮੋਸ਼ਨ, ਇੱਕ ਬਾਲਗ ਦਵਿਸ ਪ੍ਰੋਗਰਾਮ ਨੂੰ ਇੱਕ ਮਜ਼ੇਦਾਰ, ਇੰਟਰਐਕਟਵਿ ਓਰਲ ਹਾਈਜੀਨ ਐਜੂਕੇਸ਼ਨ ਕਲਾਸ ਪ੍ਰਦਾਨ ਕਰਨਾ। ਮੈਨੂੰ ਸਪੈਸ਼ਲ ਓਲੰਪਕਿ ਫਾਲ ਗੇਮਜ਼ ਈਵੈਂਟ ਵਿੱਚ ਕੁਝ ਸਾਥੀਆਂ ਨਾਲ ਇੱਕ ਬੂਥ ਦੀ ਮੇਜ਼ਬਾਨੀ ਕਰਨ ਲਈ ਵੀ ਸੱਦਾ ਦਤਿਾ ਗਆਿ ਸੀ। ਅਤੇ ਸਭ ਤੋਂ ਹਾਲ ਹੀ ਵਿੱਚ, ਸਾਡੇ ਇੱਕ ਕਲਾਇੰਟ ਐਡਵੋਕੇਟ, ਜੈਕਬ ਮਲਿਰ (Jacob Miller), ਅਤੇ ਮੈਨੂੰ ਸਾਡੇ ਖੇਤਰ ਵਿੱਚ ਨਵੇਂ ਡੈਂਟਲ ਸਕੂਲ, ਕੈਲੀਫੋਰਨੀਆ ਨੌਰਥਸਟੇਟ ਯੂਨੀਵਰਸਟਿੀ ਵਿੱਚ ਦੂਜੇ ਸਾਲ ਦੇ ਦੰਦਾਂ ਦੇ ਵਦਿਆਿਰਥੀਆਂ ਨਾਲ ਡੈਂਟਲ ਸੇਵਾਵਾਂ ਤੱਕ ਪਹੁੰਚ ਕਰਨ ਵੇਲੇ ਸਾਡੇ ਗਾਹਕਾਂ ਨੂੰ ਦਰਪੇਸ਼ ਰੁਕਾਵਟਾਂ ਬਾਰੇ ਗੱਲਬਾਤ ਕਰਨ ਲਈ ਸੱਦਾ ਦਤਿਾ ਗਆਿ ਸੀ।

## ਕੇਅਰਗਿ ਫਊਿਚਰਜ਼ - ਦੀ ਆਰਕ ਔਫ਼ ਕੈਲੀਫੋਰਨੀਆ
## ਦੋਭਾਸ਼ੀ ਭਵਿੱਖ ਦੀ ਯੋਜਨਾਬੰਦੀ ਲਈ ਵੈਬੀਨਾਰ ਅਤੇ ਕਲਾਸਾਂ

CaringFutures
*A community of sharing & strength*

Futuros y Esperanza
*Una comunidad de intercambio y fortaleza*

ACRC ਮਾਪਆਿਂ ਅਤੇ ਦੇਖਭਾਲ ਕਰਨ ਵਾਲਆਿਂ ਨੂੰ ਭਵਿੱਖ ਦੀ ਯੋਜਨਾਬੰਦੀ ਦੀਆਂ ਕਲਾਸਾਂ ਅਤੇ ਕੈਲੀਫੋਰਨੀਆ ਦੇ ARC ਤੋਂ ਅੰਗਰੇਜ਼ੀ ਅਤੇ ਸਪੈਨਸ਼ਿ ਵਿੱਚ ਮੁਫ਼ਤ ਉਪਲਬਧ ਵੈਬਨਿਾਰਾਂ ਵਿੱਚ ਹਸਿਾ ਲੈਣ ਲਈ ਉਤਸ਼ਾਹਤਿ ਕਰਨਾ ਚਾਹੇਗਾ। https://www.caringfutures.org/ ਜਾਂ https://www.futurosyesperanza.org/. ਇਹ ਗ੍ਰਾਂਟ ਦੁਆਰਾ ਫੰਡਡਿ ਪ੍ਰੋਜੈਕਟ ACRC ਦੀ ਤਾਲਮੇਲ ਵਾਲੀ ਭਵਿੱਖ ਯੋਜਨਾ ਪਹਲਿਕਦਮੀ ਨਾਲ ਚੰਗੀ ਤਰ੍ਹਾਂ ਮੇਲ ਖਾਂਦਾ ਹੈ https://www.altaregional.org/coordinated-future-planning

# ACRC ਗਾਹਕ ਸਲਾਹਕਾਰ ਕਮੇਟੀ ਦੇ ਸਮਾਜਕ ਮੇਲ-ਜੋਲ ਦੀ ਮੀਟਿੰਗ ਦਾ ਆਯੋਜਨ ਕੀਤਾ

ACRC ਦੇ CAC ਨੇ ਆਪਣੀ ਨਵੰਬਰ ਦੀ ਮੀਟਿੰਗ ਤੋਂ ਪਹਿਲਾਂ ਇੱਕ ਸਮਾਜਕ ਮੇਲੇ-ਜੋਲ ਦੀ ਮੀਟਿੰਗ ਕੀਤੀ। CAC ਮੈਂਬਰਾਂ ਨੇ ਕਮੇਟੀ ਦੇ ਕੰਮ ਦੀ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਮਹਿਮਾਨਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ। ਜੇਕਰ ਤੁਸੀ ਹੋਰ ਜਾਣਕਾਰੀ ਪਾਉਣ ਵਿੱਚ ਦਲਿਚਸਪੀ ਰੱਖਦੇ ਹੋ, ਤਾਂ ਕਰਿਪਾ ਕਰਕੇ https://www.altaregional.org/client-advisory-committee-cac 'ਤੇ ਜਾਓ













## ਸੈਕਰਾਮੈਂਟੋ ਸਟੇਟ ਨੂੰ ਭਾਸ਼ਾ ਪਹੁੰਚ ਅਤੇ ਸੱਭਿਆਚਾਰਕ ਯੋਗਤਾ ਗ੍ਰਾਂਟ ਦਿੱਤੀ ਗਈ

ACRC ਨੇ ਸੈਕਰਾਮੈਂਟੋ ਸਟੇਟ ਨੂੰ ਸਾਡੇ 10-ਕਾਉਂਟੀ ਕੈਚਮੈਂਟ ਖੇਤਰ ਵਿੱਚ ਲੈਟਨਿਕਸ ਖਪਤਕਾਰਾਂ ਲਈ ਕਮਊਿਨਟੀ ਇੰਟੀਗ੍ਰੇਟਡਿ ਇੰਪਲਾਇਮੈਂਟ (CIE) ਦੀਆਂ ਰੁਕਾਵਟਾਂ ਨੂੰ ਦੂਰ ਕਰਨ 'ਤੇ ਕੇਂਦ੍ਰਤਿ ਇੱਕ ਮਹੱਤਵਪੂਰਨ ਪ੍ਰੋਜੈਕਟ ਲਈ ਗ੍ਰਾਂਟ ਦਿੱਤੀ ਹੈ। 540 ਬਾਲਗ ਖਪਤਕਾਰਾਂ ਦੇ ਟੀਚੇ ਦੇ ਨਾਲ, ਸੰਚਾਰ ਵਗਿਆਿਨ ਅਤੇ ਵਕਿਾਰ ਵਭਿਾਗ ਦੀ ਅਗਵਾਈ ਵਾਲਾ ਪ੍ਰੋਜੈਕਟ, CIE ਵਿੱਚ ਅਸਮਾਨਤਾਵਾਂ ਦੀ ਪਛਾਣ ਕਰਨ ਅਤੇ ਹੱਲ ਕਰਨ ਦੇ ਉਦੇਸ਼ ਨਾਲ 50 ਗਾਹਕ ਵਲੰਟੀਅਰਾਂ ਵਿੱਚ ਸੰਚਾਰ ਸੰਬੰਧੀ ਵਕਿਾਰ ਅਤੇ ਸੱਭਿਆਚਾਰਕ/ਸਮਾਜਕ ਕਾਰਕਾਂ ਦਾ ਮੁਲਾਂਕਣ ਕਰੇਗਾ। ਇਹ ਪਹਲਿਕਦਮੀ, ACRC ਦੀ ਰਣਨੀਤਕ ਯੋਜਨਾ ਨਾਲ ਮੇਲ ਖਾਂਦੀ ਹੈ ਅਤੇ ਹੋਰ ਖੇਤਰੀ ਕੇਂਦਰਾਂ ਵਿੱਚ ਦੁਹਰਾਈ ਜਾ ਸਕਦੀ ਹੈ, ਵਿੱਚ CIE ਭਾਗੀਦਾਰੀ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ, ਘੱਟ ਗਣਿਤੀਆਂ ਵਾਲੇ ਭਾਈਚਾਰਆਿਂ ਨੂੰ ਫਾਇਦਾ ਪਹੁੰਚਾਉਣ ਅਤੇ ਰਾਜ ਦੀਆਂ ਰੁਜ਼ਗਾਰ ਸੰਬੰਧੀ ਤਰਜੀਹਾਂ ਦਾ ਸਮਰਥਨ ਕਰਨ ਦੀ ਸਮਰੱਥਾ ਹੈ।

ACRC ਦੇ ਸਹਯਿੋਗ ਨਾਲ, ਡਾ. ਹੈਦਰ ਥਾਮਸਨ (Heather Thompson), ਇਕੁਇਟੀ ਅਤੇ ਕਮਊਿਨਟੀ ਸ਼ਮੂਲੀਅਤ ਦੇ ਚੈਂਪੀਅਨ, ਅਤੇ ਡਾ. ਲੂਇਸ ਵਸਿਮਾਰਾ (Dr. Louis Vismara), ASD ਅਤੇ ਜਨਤਕ ਨੀਤੀ ਦੇ ਮਾਹਰ, ਪ੍ਰੋਜੈਕਟ ਦੀ ਅਗਵਾਈ ਕਰਨਗੇ। ਸਹਯਿੋਗ ਵਿੱਚ ਭਾਗੀਦਾਰਾਂ ਦੀ ਭਰਤੀ, ਕਮਊਿਨਟੀ ਆਊਟਰੀਚ, ਅਤੇ ਖੋਜਾਂ ਅਤੇ ਸਫ਼ਾਰਸ਼ਾਂ ਦੀ ਵਆਿਪਕ ਸਮੀਖਆਿ ਵਿੱਚ ACRC ਸ਼ਾਮਲ ਹੁੰਦਾ ਹੈ। ਇਹ ਪਰਵਿਰਤਨਸ਼ੀਲ ਕੋਸ਼ਸ਼ਿ ਨਾ ਸਰਿਫ਼ ਰੁਜ਼ਗਾਰ ਦੇ ਬਰਾਬਰੀ ਦੇ ਮੌਕਆਿਂ ਦੀ ਫੌਰੀ ਲੋੜ ਨੂੰ ਸੰਬੋਧਤਿ ਕਰਦਾ ਹੈ, ਸਗੋਂ ਵਆਿਪਕ ਸਮਾਜਕ ਨਆਿਂ ਦੇ ਟੀਚਆਿਂ, ਸਮਾਵੇਸ਼ੀ ਸਥਾਨਾਂ ਅਤੇ ਅੰਤਰ-ਸੱਭਿਆਚਾਰਕ ਸਮਝ ਨੂੰ ਉਤਸ਼ਾਹਤਿ ਕਰਨ ਵਿੱਚ ਵੀ ਯੋਗਦਾਨ ਪਾਉਂਦਾ ਹੈ।

SACRAMENTO STATE

Department Of Communication Sciences & Disorders
College Of Health & Human Services


# ਸੈਂਟਾ ਡੇਅ 2023


ਸੈਂਟਾ ਡੇ ਦੀ ਸੁਰੂਆਤ ਸਾਡੇ ਗ੍ਰਾਹਕਾਂ ਲਈ ਇੱਕ ਸੁਰੱਖਿਅਤ ਅਤੇ ਸੰਵੇਦੀ ਜਾਗਰੂਕ ਵਾਤਾਵਰਣ ਲਈ ਇੱਕ ਵਸ਼ਿੇਸ਼ ਦਨਿ ਦੇ ਰੂਪ ਵਿੱਚ ਦਹਾਕਆਿਂ ਪਹਲਿਾਂ ਹੋਈ ਸੀ ਜਿੱਥੇ ਉਹ ਸੈਂਟਾ ਕਲੌਜ਼ ਨਾਲ ਮੌਜ-ਮਸਤੀ ਕਰ ਸਕਦੇ ਹਨ ਅਤੇ ਇੱਕ ਮੁਫਤ ਫੋਟੋ ਖਿੱਚ ਸਕਦੇ ਹਨ। ਇਸ ਸਾਲ ਦੀ ਥੀਮ ਸੀ ਦੁਨੀਆ ਭਰ ਦੀਆਂ ਛੁੱਟੀਆਂ ਦੀਆਂ ਪਰੰਪਰਾਵਾਂ ਦਾ ਜਸ਼ਨ ਮਨਾਉਣਾ। ਸਾਡੇ ਗ੍ਰਾਹਕ ਛੁੱਟੀਆਂ ਦੀਆਂ ਹੋਰ ਪਰੰਪਰਾਵਾਂ ਬਾਰੇ ਸਿੱਖਣ, ਹਰੇਕ ਬੂਥ 'ਤੇ ਗਤੀਵਧਿੀਆਂ ਵਿੱਚ ਹਿੱਸਾ ਲੈਣ ਅਤੇ ਹਰੇਕ ਸੱਭਿਆਚਾਰ/ਛੁੱਟੀ ਦੀ ਪਰੰਪਰਾ ਬਾਰੇ ਘਰ ਲੈ ਜਾਣ ਲਈ ਥੋੜ੍ਹੀ ਜਹਿੀ ਚੀਜ਼ ਪ੍ਰਾਪਤ ਕਰਨ ਦੇ ਯੋਗ ਸਨ। ਦਨਿ ਭਰ ਸੈਂਕੜੇ ਗਾਹਕ ਅਤੇ ਪਰਵਿਾਰ ACRC ਦੇ ਸੈਕਰਾਮੈਂਟੋ ਦਫਤਰ ਵਿੱਚ ਆਏ। ਬਹੁਤ ਸਾਰੇ ਹਾਜ਼ਰੀਨ ਨੇ ਨਵੇਂ ਸੰਵੇਦੀ ਕਮਰੇ ਦੀ ਸ਼ਲਾਘਾ ਕੀਤੀ। ਸਾਡੀ ਸੈਂਟਾ ਕਮੇਟੀ ਦਾ ਉਨ੍ਹਾਂ ਦੀਆਂ ਸਾਲ ਭਰ ਦੀਆਂ ਤਆਿਰੀਆਂ ਅਤੇ ਇਸ ਸਮਾਗਮ ਲਈ ਫੰਡ ਇਕੱਠਾ ਕਰਨ ਲਈ ਅਤੇ ਸਾਡੇ ਬਹੁਤ ਸਾਰੇ ਸਟਾਫ ਵਲੰਟੀਅਰਾਂ ਦਾ ਵਸ਼ਿੇਸ਼ ਧੰਨਵਾਦ।


















## ਰਸੋਰਸ ਡਵੈਲਪਮੈਂਟ ਸਾਲ ਦੀ ਸਮੀਖਿਆ ਬਾਰੇ ਅੱਪਡੇਟ ਦਿੰਦਾ ਹੈ

ਜਿਵੇਂ-ਜਿਵੇਂ ਸਾਡੀ ਏਜੰਸੀ ਵਧਦੀ ਜਾ ਰਹੀ ਹੈ, ਨਾਲ ਹੀ ਖੇਤਰੀ ਕੇਂਦਰ ਦੇ ਗਾਹਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਸਰੋਤ ਸੰਬੰਧੀ ਲੋੜਾਂ ਵੀ ਵਧਦੀਆਂ ਜਾ ਰਹੀਆਂ ਹਨ। ਹਾਲਾਂਕਿ COVID 19 ਮਹਾਂਮਾਰੀ ਦੇ ਕਾਰਨ ਅਪਾਹਜਤਾ ਸੇਵਾਵਾਂ ਦੇ ਕੁਝ ਖੇਤਰਾਂ ਵਿੱਚ ਨਵੇਂ ਸਰੋਤ ਵਿਕਾਸ ਦੀ ਰਫ਼ਤਾਰ ਮੱਠੀ ਪੈ ਗਈ ਹੈ, ਅਸੀ ਵਕਿਰੇਤਾਕਰਨ ਨੂੰ ਪੂਰਾ ਕਰਨ ਵਾਲੇ ਵਧੇਰੇ ਬਨਿੈਕਾਰਾਂ ਨੂੰ ਦੇਖਣਾ ਸ਼ੁਰੂ ਕਰ ਰਹੇ ਹਾਂ। ਅਸੀ ਸਥਰਿ ਰਹਿਾਇਸ਼ੀ ਦੇਖਭਾਲ ਸਹੂਲਤ (21) ਵਾਧੇ ਦਾ ਅਨੁਭਵ ਕਰਨਾ ਜਾਰੀ ਰੱਖਦੇ ਹਾਂ; ਇਸ ਸਾਲ ਅਸੀ ਇੱਕ ਮਹੱਤਵਪੂਰਨ ਟਰਾਂਸਪੋਰਟੇਸ਼ਨ ਕੰਪਨੀਆਂ (15) ਨੂੰ ਵੀ ਸ਼ਾਮਲ ਕੀਤਾ ਹੈ।

**2023 ਵਿੱਚ ਸਭ ਤੋ ਜ਼ਆਿਦਾ ਵਕਿਾਸ ਵਾਲੇ ਸਰਵਸਿ ਕੋਡਸ**

915- ਬਾਲਗ ਰਹਿਾਇਸ਼ੀ ਸਹੂਲਤ
875 - ਆਵਾਜਾਈ ਕੰਪਨੀ
707 - ਸਪੀਚ ਪੈਥੋਲੋਜੀ
520 - ਸੁਤੰਤਰ ਰਹਣਿ ਦਾ ਪ੍ਰੋਗਰਾਮ
896 - ਸਹਾਇਕ ਲਵਿਗਿ ਸੇਵਾਵਾਂ
055 - ਕਮਊਿਨਟੀ-ਆਧਾਰਤਿ ਦਵਿਸ ਸੇਵਾ
099 - ਸਵੈ-ਨਰਿਦੇਸ਼ਤਿ ਸਮਰਥਨ
785 - ਕਲੀਨਕਿਲ ਮਨੋਵਗਿਆਿਨੀ
096 - ਜੇਰੀਆਟ੍ਰਕਿ ਸਹੂਲਤ
102 - ਮਾਪੇ ਅਤੇ ਵਅਿਕਤੀ ਸਖਿਲਾਈ
113 - ਵਸ਼ਿੇਸ਼ਤਾਵਾਂ ਰਹਿਾਇਸ਼ੀ ਸਹੂਲਤ
773 - ਆਕੂਪੇਸ਼ਨਲ ਥੈਰੇਪੀ
455 - ਡੇਅ ਕੇਅਰ ਪਰਵਿਾਰਕ ਮੈਂਬਰ
008 - ਸਪੋਰਟਸ ਕਲੱਬ
048 - ਸ਼ੁਰੂਆਤੀ ਔਟਜ਼ਿਮ ਇਲਾਜ
062 - ਨਜ਼ਿੀ ਸਹਾਇਤਾ
076- ਤਾਲਮੇਲ ਵਾਲੀ ਪਰਵਿਾਰਕ ਸਹਾਇਤਾ
772 - ਸਰੀਰਕ ਥੈਰੇਪੀ
902 - ਭਾਈਚਾਰਕ ਸੰਕਟ ਘਰ
034 - ਪੈਸਾ ਪ੍ਰਬੰਧਨ
115 - ਵਸ਼ਿੇਸ਼ਤਾਵਾਂ ਥੈਰੇਪੀ ਸੇਵਾ 3-20 ਦੀ ਉਮਰ
117 - ਵਸ਼ਿੇਸ਼ਤਾਵਾਂ ਥੈਰੇਪੀ ਸੇਵਾ 21+ ਦੀ ਉਮਰ
505 - ਗਤੀਵਧਿੀ ਕੇਂਦਰ
510 - ਬਾਲਗ ਵਕਿਾਸ ਕੇਂਦਰ




**ਨਵੇਂ ਸੇਵਾ ਪ੍ਰਦਾਤਾ ਸਾਲ ਦੁਆਰਾ**

2017 - 190
2018 - 185
2019 - 184
2020 - 165
2021 - 149
2022 - 188
2023 - 252

## ਸਟਾਫ ਰਟਿਾਇਰਮੈਂਟ

ACRC ਉਨ੍ਹਾਂ ਲੋਕਾਂ ਨੂੰ ਮਾਨਤਾ ਦੇਣਾ ਸ਼ੁਰੂ ਕਰ ਦੇਵੇਗਾ ਜੋ ਸਾਡੀ ਏਜੰਸੀ ਤੋਂ ਰਟਿਾਇਰ ਹੋ ਚੁੱਕੇ ਹਨ। ਅਸੀ ਇਨ੍ਹਾਂ ਸਟਾਫ ਦਾ ਉਨ੍ਹਾਂ ਦੀ ਸਾਲਾਂ ਦੀ ਸੇਵਾ ਅਤੇ ਸਾਡੇ ਮਸ਼ਿਨ ਅਤੇ ਦ੍ਰਸ਼ਿਟੀ ਪ੍ਰਤੀ ਸਮਰਪਣ ਲਈ ਧੰਨਵਾਦ ਕਰਦੇ ਹਾਂ।

**ਲੀਜ਼ਾ ਰਾਈਟ (Lisa Wright)** - ਇਨਟੇਕ ਸਪੈਸ਼ਲਸਿਟ - ਸੈਕਰਾਮੈਂਟੋ 10/6/23;

**ਡੈਨਸਿ ਇੰਗਲਸ-ਨੌਟ (Denise Ingalls-Knott)** - ਬੱਚਆਿਂ ਦੀ ਯੂਨਟਿ - ਸੈਕਰਾਮੈਂਟੋ 11/3/23;

**ਕੈਰਨ ਪਾਰਚ (Karen Partch(** - ਗ੍ਰਾਸ ਵੈਲੀ ਆਫਸਿ - 12/7/23;

**ਸਡਿ ਵੈਨ ਕੋਰਸੈਲ(Cid Van Koersel)** - ਟ੍ਰੇਨਗਿ ਯੂਨਟਿ - 12/28/23;



# ACRC HCBS ਸਮੀਖਿਆਵਾਂ ਦੇ ਅਗਲੇ ਪੜਾਅ ਦੀ ਸ਼ੁਰੂਆਤ ਕਰ ਰਹਿਾ ਹੈ



HCBS ਮਾਹਰਿ ਐਲੀਸ਼ਿਆ ਗਾਸ਼ੀ (Aliesia Gautschi), ਮਾਰਟੀ ਈਸਨ (Marti Eason), ਅਤੇ ਕੈਲੀ ਡ੍ਰੇਪਰ (Kylee Draper)

ਹੋਮ ਐਂਡ ਕਮਊਿਨਟੀ-ਬੇਸਡ ਸਰਵਸਿਜ਼ਿ (HCBS) ਛੋਟ ਇੱਕ Medicaid ਪ੍ਰੋਗਰਾਮ ਹੈ ਜੋ ਰਾਜਾਂ ਨੂੰ ਸੰਸਥਾਗਤ ਸਹੂਲਤਾਂ ਦੀ ਬਜਾਏ ਉਨ੍ਹਾਂ ਦੇ ਘਰਾਂ ਜਾਂ ਕਮਊਿਨਟੀ ਸੈਟਗਿਾਂ ਵੱਿਚ ਵਅਿਕਤੀਆਂ ਨੂੰ ਲੰਬੇ ਸਮੇਂ ਦੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਦੀ ਇਜਾਜ਼ਤ ਦਦਿਾ ਹੈ। ਇਸ ਦਾ ਉਦੇਸ਼ ਅਸਮਰੱਥ ਲੋਕਾਂ ਅਤੇ ਬਜ਼ੁਰਗ ਵਅਿਕਤੀਆਂ ਦੀ ਸਹਾਇਤਾ ਕਰਨਾ, ਪਰੰਪਰਾਗਤ ਦੇਖਭਾਲ ਸੰਸਥਾਵਾਂ ਤੋਂ ਬਾਹਰ ਆਜ਼ਾਦੀ ਅਤੇ ਜੀਵਨ ਦੀ ਗੁਣਵੱਤਾ ਨੂੰ ਉਤਸ਼ਾਹਤਿ ਕਰਨਾ ਹੈ। ACRC ਵਕਿਰੇਤਾਵਾਂ ਦੁਆਰਾ ਇਨ੍ਹਾਂ ਸੇਵਾਵਾਂ ਦੀ ਵਵਿਸਥਾ ਨੂੰ ਸੰਘੀ ਲੋੜਾਂ ਨਾਲ ਇਕਸਾਰ ਹੋਣਾ ਲਾਜ਼ਮੀ ਹੈ।

ਡਵਿੈਲਪਮੈਂਟਲ ਸਰਵਸਿਜ਼ਿ ਵਭਿਾਗ ਨੇ ਖੇਤਰੀ ਕੇਂਦਰਾਂ ਨੂੰ 31 ਅਗਸਤ, 2024 ਤੱਕ HCBS ਸੈਟਗਿਾਂ ਦੀਆਂ ਜ਼ਰੂਰਤਾਂ ਦੀ ਪੂਰੀ ਪਾਲਣਾ ਅਤੇ ਲਾਗੂ ਕਰਨ ਦੀ ਪੁਸ਼ਟੀ ਕਰਨ ਲਈ ਸਾਰੀਆਂ HCBS ਸੈਟਗਿਾਂ ਦੀ ਔਨ-ਸਾਈਟ ਸਮੀਖਆਿ ਨੂੰ ਪੂਰਾ ਕਰਨ ਲਈ ਕਹਿਾ ਹੈ। ਔਨ-ਸਾਈਟ ਸਮੀਖਆਿ ਦੇ ਦੌਰਾਨ, ਖੇਤਰੀ ਕੇਂਦਰਾਂ ਨੂੰ ਇਹ ਤਸਦੀਕ ਕਰਨਾ ਲਾਜ਼ਮੀ ਹੈ ਕਿ ਸਾਰੀਆਂ ਸੰਬੰਧਤਿ ਸੰਘੀ ਲੋੜਾਂ ਸੰਤੁਸ਼ਟ ਹਨ।

ACRC ਸਟਾਫ਼ ਸੇਵਾ ਪ੍ਰਦਾਤਾਵਾਂ ਦੇ ਨਾਲ ਮਲਿ ਕੇ ਕੰਮ ਕਰ ਰਹਿਾ ਹੈ ਤਾਂ ਜੋ ਨਗਿਰਾਨੀ ਦੌਰੇ ਦੇ ਦੌਰਾਨ ਕਸਿ ਵੀ ਖੋਜ ਨੂੰ ਫੌਰਨ ਹੱਲ ਕਰਨ ਲਈ ਕੋਸ਼ਸ਼ਿਾਂ ਕੀਤੀਆਂ ਜਾ ਸਕਣ ਜਵਿੇਂ ਕਿ ਗੈਰ-ਅਨੁਕੂਲਤਾ ਦੇ ਖੇਤਰਾਂ ਨੂੰ ਕਵਿੇਂ ਠੀਕ ਕੀਤਾ ਜਾ ਸਕਦਾ ਹੈ, ਸਖਿਲਾਈ ਨੂੰ ਪੂਰਾ ਕਰਨਾ ਅਤੇ/ਜਾਂ ਫੈਡਰਲ ਲੋੜਾਂ ਅਤੇ ਵਅਿਕਤੀ-ਕੇਂਦਰਤਿ ਸੇਵਾ ਯੋਜਨਾਬੰਦੀ, ਜਾਂ ਸੰਘੀ ਲੋੜਾਂ ਨੂੰ ਪੂਰਾ ਲਾਗੂ ਕਰਨ ਲਈ ਸਮਰਥਨ ਕਰਨ ਲਈ ਕਸਿ ਵੀ ਵਰਿੋਧੀ ਦਸਤਾਵੇਜ਼ਾਂ ਨੂੰ ਅੱਪਡੇਟ ਕਰਨਾ।

ACRC ਕੋਲ ਲਗਭਗ 500 ਸੇਵਾ ਪ੍ਰਦਾਤਾ ਹਨ ਜਨਿ੍ਹਾਂ ਦੀ 31 ਅਗਸਤ, 2024 ਤੱਕ ਸਮੀਖਆਿ ਕੀਤੀ ਜਾਵੇਗੀ। ਵਾਧੂ ਜਾਣਕਾਰੀ ਲਈ https://www.dds.ca.gov/initiatives/cms-hcbs-regulations/

# ਫੀਚਰਡ ਕਲਾਕਾਰ ਦੀ ਪ੍ਰੋਫਾਈਲ - ਮੋਰਗਨ ਮਾਰਜਰਸਨ (MORGAN MARJERSION)

ਮੋਰਗਨ ਮਾਰਜਰਸਨ 6 ਸਾਲਾਂ ਤੋਂ ਥੋੜੇ ਸਮੇਂ ਤੋਂ ਪਲੇਸਰ ARC ਸਟੂਡੀਓ 700 ਵੱਿਚ ਸ਼ਾਮਲ ਹੋਈ ਸਨ। ਮੋਰਗਨ ਕਈ ਤਰ੍ਹਾਂ ਦੇ ਕਲਾ ਵਸ਼ਿਿਆਂ ਦਾ ਆਨੰਦ ਮਾਣਦੇ ਹਨ, ਜਨਿ੍ਹਾਂ ਵੱਿਚੋਂ ਕੁਝ ਵੱਿਚ ਸੈਰਾਮਕਿਸ, ਗਹਣਿੇ ਬਣਾਉਣਾ, ਸਲਿਾਈ, ਪੇਂਟਗਿ, ਅਤੇ ਤਨਿ-ਅਯਾਮੀ ਡਜ਼ਿਾਈਨ ਸ਼ਾਮਲ ਹਨ। ਮੋਰਗਨ ਦਾ ਆਪਣੇ ਕਲਾ ਸੰਬੰਧੀ ਕੰਮ ਦੇ ਪ੍ਰਤੀ ਬਹੁਤ ਹੀ ਉਤਸਾਹਜਨਕ ਰਵਾਇਆ ਹੈ। ਉਨ੍ਹਾਂ ਦਾ ਸਕਾਰਾਤਮਕ ਨਜ਼ਰੀਆ ਵੱਖ-ਵੱਖ ਪ੍ਰੇਰਨਾਵਾਂ ਤੋਂ ਲਆਿ ਗਆਿ ਹੈ ਜਸਿ ਵੱਿਚ ਪਰਵਿਾਰ, ਵਾਲਟ ਡਜ਼ਿਨੀ (ਫਲਿਮਾਂ, ਐਨੀਮੇਸ਼ਨ, ਅਤੇ ਪਾਤਰ), ਕੁਦਰਤ, ਅਤੇ ਹੋਰ ਕਲਾਕਾਰ ਸ਼ਾਮਲ ਹਨ ਜੋ ਉਨ੍ਹਾਂ ਦੇ ਬਣਾਉਣ ਦੇ ਜਨੂੰਨ ਨੂੰ ਵਧਾਉਂਦੇ ਹਨ।

ਜੇਕਰ ਤੁਸੀ ਮੋਰਗਨ ਦੀ ਕਸਿ ਵੀ ਕਲਾ ਨੂੰ ਖਰੀਦਣ ਵੱਿਚ ਦਲਿਚਸਪੀ ਰੱਖਦੇ ਹੋ, ਤਾਂ ਕਰਿਪਾ ਕਰਕੇ sheldons@placerarc.org 'ਤੇ ਸਟੂਡੀਓ 700 ਅਸਸਿਟੈਂਟ ਪ੍ਰੋਗਰਾਮ ਡਾਇਰੈਕਟਰ ਸ਼ੈਲਡਨ ਸ਼ੀਅਰ ਨਾਲ ਸੰਪਰਕ ਕਰੋ।




Neighborhood center of the Arts
Arts • Advocacy • Opportunity





# ਉਮਰ ਅਤੇ ਬਾਲਗ ਸੇਵਾਵਾਂ ਬਾਰੇ ਯੋਲੋ ਕਾਉਂਟੀ ਕਮਸ਼ਿਨ

## DD/ID ਏਜਗਿੰ ਕੇਅਰਗਵਿਰਸ ਟਾਸਕ ਫੋਰਸ

# ਤਾਰੀਖ਼ ਨੂੰ ਕਲੰਡਰ 'ਤੇ ਸੇਵ ਕਰੋ - 2024 ਟਾਊਨ ਹਾਲ ਮੀਟਗਿਾਂ

ਕਰਿਪਾ ਕਰਕੇ ਯੋਲੋ ਕਾਉਂਟੀ ਵੱਿਚ ਬੌਧਕਿ ਅਤੇ ਵਕਿਾਸ ਸੰਬੰਧੀ ਅਸਮਰਥਤਾਵਾਂ ਵਾਲੇ ਬਾਲਗਾਂ ਦੇ ਬੁਜ਼ੁਰਗ ਹੋ ਰਹੇ ਦੇਖਭਾਲ ਕਰਨ ਵਾਲਆਿਂ ਦੀਆਂ ਲੋੜਾਂ ਬਾਰੇ ਗੱਲਬਾਤ ਲਈ ਸੁਪਰਵਾਈਜ਼ਰ ਜਮਿ ਪ੍ਰੋਵੇਨਜ਼ਾ **(Jim Provenza)**, ਅਲਟਾ ਕੈਲੀਫੋਰਨੀਆ ਰੀਜਨਲ ਸੈਂਟਰ ਅਤੇ ਯੋਲੋ ਕਾਉਂਟੀ ਸਟਾਫ਼ ਨਾਲ ਜੁੜੋ।

## ਸਾਰੀਆਂ ਮੀਟਗਿਾਂ 5:30pm - 7:00pm

### *3 ਵਅਿਕਤੀਗਤ ਮੀਟਗਿਾਂ - 1 ਵਰਚੁਅਲ ਮੀਟਗਿ*

*ਆਉਣ ਵਾਲੀਆਂ ਮੀਟਗਿਾਂ ਲਈ ਕੋਈ ਹਾਈਬ੍ਰਡਿ ਵਕਿਲਪ ਉਪਲਬਧ ਨਹੀ ਹਨ।*

*ਵਅਿਕਤੀਗਤ ਮੀਟਗਿਾਂ ਅਤੇ ਵਰਚੁਅਲ ਜ਼ੂਮ ਟਾਊਨ ਹਾਲ ਵੱਿਚ ਅਮਰੀਕੀ ਸੈਨਤ ਭਾਸ਼ਾ ਅਤੇ ਸਪੈਨਸ਼ਿ ਹੋਵੇਗੀ interpretation ਵਆਿਖਆਿ.*

**22 ਫਰਵਰੀ, 2024 - West Sacramento Community Center**
1075 W Capitol Ave, West Sacramento, CA 95691

**14 ਮਾਰਚ, 2024 - Winters Community Center**
201 Railroad Ave, Winters, CA 95694

**3 ਅਪਰੈਲ, 2024 - Esparto-Capay Valley Health and Community Center**
17340 Yolo Ave, Esparto, CA 95627

**25 ਅਪਰੈਲ, 2024 - ਵਰਚੁਅਲ ਮੀਟਗਿ ਨਸ਼ਿਕਰਸ਼ ਅਤੇ ਇਨਪੁਟ (ਫਾਲੋ ਕਰਨ ਲਈ ਰਜਸਿਟ੍ਰੇਸ਼ਨ ਲਕਿ) ਸਾਂਝਾ ਕਰਨ ਲਈ**

ਵਾਧੂ ਜਾਣਕਾਰੀ ਲਈ ਕਰਿਪਾ ਕਰਕੇ ਸ਼ੀਲਾ ਐਲਨ (Sheila Allen) ਨੂੰ 530 666-5583 'ਤੇ ਸੰਪਰਕ ਕਰੋ
sheila.allen@yolocounty.org

ਡੇਵਸਿ ਅਤੇ ਵੁੱਡਲੈਂਡ ਵੱਿਚ 2023 ਦੀਆਂ ਟਾਊਨ ਹਾਲ ਮੀਟਗਿਾਂ ਦੀਆਂ ਫੋਟੋਆਂ





# ਅਰਲੀ ਸਟਾਰਟ ਜੌਬ ਫੇਅਰ



**ARPA** ਪਾਰਟ **C** ਪਹਿਲਕਦਮੀ ਦੁਆਰਾ ਪ੍ਰਾਯੋਜਿਤ

Alta California
Regional Center

ਸਾਡਾ ਟੀਚਾ, ਸਾਰੇ ਪੱਧਰਾਂ ‘ਤੇ ਇੰਪਲੌਇਰਾਂ ਅਤੇ ਨੌਕਰੀ ਲੱਭਣ ਵਾਲੇ ਪੇਸ਼ੇਵਰਾਂ ਨੂੰ ਜੋੜਨਾ ਹੈ। ਜੇਕਰ ਤੁਸੀ ਅਰਲੀ ਸਟਾਰਟ ਵਿੱਚ ਨਿਆਣਿਆਂ ਅਤੇ ਛੋਟੇ ਬੱਚਿਆਂ ਦੇ ਨਾਲ ਕੰਮ ਕਰਨ ਵਾਲੀ ਨੌਕਰੀ ਕਰਨ ਵਿੱਚ ਦਿਲਚਸਪੀ ਰੱਖਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਜੁੜੋ! ਉਨ੍ਹਾਂ ਪ੍ਰਦਾਤਾਵਾਂ ਕੋਲ ਕਈ ਨੌਕਰੀਆਂ ਉਪਲਬਧ ਹਨ, ਜੋ ਪਰਿਵਾਰਾਂ ਅਤੇ ਵਿਕਾਸ ਸੰਬੰਧੀ ਦੇਰੀ ਭੁਗਤ ਰਹੇ **3** ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਸੇਵਾ ਪ੍ਰਦਾਨ ਕਰਦੇ ਹਨ।





## 23 ਫਰਵਰੀ, 2024

**ਸਵੇਰੇ 10 ਵਜੇ – ਦੁਪਹਿਰ 2 ਵਜੇ**

**2241 Havard St #100**
**Sacramento**
**The Brenda Smith Room**